ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ......................
Date ......................

Phone :0181-2224783(O)
:0181-2459664(R)
Fax :0181-2224727
E-mail: dc.jal@punjabmail.gov.in

## ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਜਿਲ੍ਹਾ ਜਲੰਧਰ ਵਿੱਚ ਕੋਰੋਨਾ ਪਾਜ਼ਿਟਿਵ ਦੇ ਕੇਸ ਪਾਏ ਗਏ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਕਿਸਾਨਾਂ ਵਲੋਂ ਜਰੂਰੀ ਵਸਤੂਆਂ ਦੀ ਖਰੀਦ ਅਤੇ ਪੈਸੇ ਦਾ ਲੈਣ ਦੇਣ ਕੋਆਪ੍ਰੇਟਿਵ ਸੁਸਾਇਟੀਆਂ ਨਾਲ ਕਰਨਾ ਹੁੰਦਾ ਹੈ। ਹੁਣ ਕਿਉਂਕਿ ਕਣਕ ਦਾ ਸੀਜ਼ਨ ਸੁਰੂ ਹੋ ਚੁੱਕਾ ਹੈ ਅਤੇ ਅੱਗੇ ਸਾਉਣੀ ਦੀ ਬੀਜਾਈ ਕੀਤੀ ਜਾਣੀ ਹੈ। ਜਿਸ ਸਬੰਧੀ ਜਿਹੜੀਆਂ ਵੀ ਵਸਤੂਆਂ ਦੀ ਜਰੂਰਤ ਹੈ ਉਨ੍ਹਾਂ ਨੂੰ ਪੂਰਾ ਕਰਨ ਵਿੱਚ ਕੋਆਪ੍ਰੇਟਿਵ ਸੁਸਾਇਟਿਆਂ ਦਾ ਬਹੁਤ ਮਹੱਤਵਪੂਰਨ ਰੋਲ ਹੁੰਦਾ ਹੈ। ਜਿਸ ਨੂੰ ਮੁੱਖ ਰਖਦੇ ਹੋਏ ਜਲੰਧਰ ਜਿਲ੍ਹੇ ਦੀਆਂ ਕੋਆਪ੍ਰੇਟਿਵ ਸੁਸਾਇਟਿਆਂ ਨੂੰ ਹੇਠ ਲਿਖੇ ਅਨੁਸਾਰ ਕਰਫਿਊ ਤੋਂ ਛੋਟ ਦਿੱਤੀ ਜਾਂਦੀ ਹੈ:-

1. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਸਾਰੀਆਂ ਕੋਆਪ੍ਰੇਟਿਵ ਸੁਸਾਇਟਿਆਂ **ਸਵੇਰੇ 09.00 ਵਜੇ ਤੋਂ ਸ਼ਾਮ 05.00 ਵਜੇ** ਤੱਕ ਖੁਲਣਗੀਆਂ।
2. ਕੋਈ ਵੀ ਵਿਅਕਤੀ/ਕਿਸਾਨ ਇਹਨਾਂ ਕੋਆਪ੍ਰੇਟਿਵ ਸੁਸਾਇਟਿਆਂ ਵਿੱਚੋਂ ਪੈਸੇ ਕਢਵਾਉਣ ਲਈ ਜਾ ਸਕਦਾ ਹੈ। ਪੈਸੇ ਕਢਵਾਉਣ ਵਾਲੇ ਵਿਅਕਤੀ/ਕਿਸਾਨ ਦੀ ਪਾਸਬੁਕ ਹੀ ਕਰਫਿਊ ਪਾਸ ਦਾ ਕੰਮ ਕਰੇਗੀ।
3. ਕੋਆਪ੍ਰੇਟਿਵ ਸੁਸਾਇਟਿਆਂ ਦੇ ਸੈਕਟਰੀ ਇਹ ਧਿਆਨ ਰੱਖਣਗੇ ਕਿ ਕੋਆਪ੍ਰੇਟਿਵ ਸੁਸਾਇਟਿਆਂ ਵਿੱਚ ਜਿਆਦਾ ਭੀੜ ਨਾ ਹੋਵੇ। ਸੈਕਟਰੀ ਕੋਆਪ੍ਰੇਟਿਵ ਸੁਸਾਇਟਿਆਂ ਵਿੱਚ ਇਹ ਵੀ ਸੁਨਿਸ਼ਚਿਤ ਕਰਨਗੇ ਕਿ Social Distance ਸਬੰਧੀ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਚਿੱਟੇ ਰੰਗ ਦੇ ਗੋਲੇ ਮਾਰਕੇ ਕੀਤੀ ਜਾਵੇ ਜਿਸ ਵਿੱਚ ਘੱਟੋ-ਘੱਟ 2 ਵਿਅਕਤੀਆਂ ਵਿਚਕਾਰ 1.5 ਮੀਟਰ ਦਾ ਫਾਂਸਲਾ ਰੱਖਿਆ ਜਾਵੇ ਤਾਂ ਜੋ ਕਰੋਨਾ ਵਾਇਰਸ ਦੀ ਬਿਮਾਰੀ ਨਾ ਫੈਲ ਸਕੇ। ਸੈਕਟਰੀ, ਕੋਆਪ੍ਰੇਟਿਵ ਸੁਸਾਇਟਿਆਂ ਇਹ ਵੀ ਯਕੀਨੀ ਬਣਾਉਣਗੇ ਕਿ ਸਿਹਤ ਵਿਭਾਗ ਦੀਆਂ ਕੋਵਿਡ-19 ਸਬੰਧੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ, ਕੋਆਪ੍ਰੇਟਿਵ ਸੁਸਾਇਟਿਆਂ ਦੇ ਦਰਵਾਜੇ ਦੇ ਹੈਂਡਲ ਨਾਲ ਦੀ ਨਾਲ ਸੈਨੇਟਾਈਜ਼ ਕੀਤੇ ਜਾਣ ਅਤੇ ਕੋਆਪ੍ਰੇਟਿਵ ਸੁਸਾਇਟਿਆਂ ਵਿੱਚ ਕੰਮ ਕਰਦੇ ਕਰਮਚਾਰੀਆਂ ਵਲੋਂ ਫੇਸ ਮਾਸਕ ਅਤੇ ਸੈਨੇਟਾਇਜਰ ਦੀ ਵਰਤੋਂ ਕੀਤੀ ਜਾਵੇ।
4. ਆਨ ਡਿਊਟੀ ਕੋਆਪ੍ਰੇਟਿਵ ਸੁਸਾਇਟਿਆਂ ਦੇ ਕਰਮਚਾਰੀਆਂ ਦੇ ਆਈ ਕਾਰਡ ਹੀ ਕਰਫੀਉ ਪਾਸ ਦਾ ਕੰਮ ਕਰਨਗੇ ਅਤੇ ਉਨ੍ਹਾਂ ਨੂੰ ਕਿਸੇ ਨਾਕੇ ਉਪਰ ਰੋਕਿਆ ਨਹੀਂ ਜਾਵੇਗਾ।
5. ਉਕਤ ਸਾਰੀਆਂ ਹਦਾਇਤਾਂ ਨੂੰ ਲਾਗੂ ਕਰਵਾਉਣ ਦੀ ਜਿੰਮੇਵਾਰੀ ਡਿਪਟੀ ਰਜਿਸਟਰਾਰ, ਕੋਆਪ੍ਰੇਟਿਵ ਸੁਸਾਇਟੀ, ਜਲੰਧਰ ਦੀ ਹੋਵੇਗੀ ਜਿਨ੍ਹਾਂ ਦੀ ਸਮੇਂ-ਸਮੇਂ ਤੇ ਪੜਤਾਲ ਉਹ ਸਹਾਇਕ ਰਜਿਸਟਰਾਰ ਰਾਹੀਂ ਕਰਵਾਉਣਗੇ ਅਤੇ ਸੁਰਖਿਆ ਦੇ ਪ੍ਰਬੰਧ ਕਮਿਸ਼ਨਰ ਆਫ ਪੁਲਿਸ, ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ ਵੱਲੋਂ ਕੀਤੇ ਜਾਣਗੇ।

ਜਿਲ੍ਹਾ ਮੈਜਿਸਟਰੇਟ
ਜਲੰਧਰ।

ਪਿੱਠ ਅੰਕਣ ਨੰ. 6133-48 /ਐਮ.ਸੀ.4/ਐਮ.ਏ ਮਿਤੀ- 16-04-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
4. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
5. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
6. ਡਿਪਟੀ ਰਜਿਸਟਰਾਰ, ਕੋਆਪ੍ਰੇਟਿਵ ਸੁਸਾਇਟੀ, ਜਲੰਧਰ
7. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ
8. ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼ਿ)

16/4/20

ਵ. ਜਿਲ੍ਹਾ ਮੈਜਿਸਟਰੇਟ
ਜਲੰਧਰ।



Scanned with CamScanner